# Multilingual Biannual
# Social Sciences Peer Reviewed UGC Care Listed Journal
# VIDIYA SAGAR PATRIKA
# ਵਿੱਦਿਆ ਸਾਗਰ ਪੱਤ੍ਰਿਕਾ ਯੂ.ਜੀ.ਸੀ ਕੇਅਰ ਸੂਚੀ ਪ੍ਰਮਾਣਿਤ
## ਜੂਨ 2024 ਅੰਕ

ਸੰਨੀ ਓਬਰਾਏ ਵਿਵੇਕ ਸਦਨ: ਐਡਵਾਂਸ ਇੰਸਟੀਚਿਊਟ ਆਫ਼ ਸੋਸ਼ਲ ਸਾਇੰਸਜ਼, ਸ੍ਰੀ ਅਨੰਦਪੁਰ ਸਾਹਿਬ, ਪੰਜਾਬ, ਆਪਣੀ ਮਾਹਰ ਸਮੀਖਿਆ ਪੱਤ੍ਰਿਕਾ 'ਵਿੱਦਿਆ ਸਾਗਰ ਪੱਤ੍ਰਿਕਾ' **MULTILINGUAL BIANNUAL SOCIAL SCIENCES PEER REVIEWED UGC CARE LISTED JOURNAL ISSN: 2583-746X** ਦਾ ਅਗਲਾ **ਜੂਨ 2024** ਅੰਕ ਪ੍ਰਕਾਸ਼ਿਤ ਕਰਨ ਜਾ ਰਿਹਾ ਹੈ। ਇਸ ਕਾਰਜ ਦੀ ਸੰਪੂਰਨਤਾ ਆਪ ਸਭ ਦੀ ਪ੍ਰਬੁੱਧ ਵਿਦਵਤਾ ਅਤੇ ਬਹੁ ਅਨੁਸ਼ਾਸਨੀ ਪਹੁੰਚ ਦਾ ਸਦਕਾ ਹੋਵੇਗੀ। ਇਸ ਬਹੁ ਭਾਸ਼ਾਈ ਤੇ ਅੰਤਰ ਅਨੁਸ਼ਾਸਨੀ ਖੋਜ ਕਾਰਜ ਲਈ, ਕਿਸੇ ਵੀ ਸਮਾਜ ਵਿਗਿਆਨਕ ਵਿਸ਼ੇ ਨਾਲ ਸੰਬੰਧਿਤ ਵਿਸ਼ੇਸ਼ਕਰ ਜੋ ਪੰਜਾਬ ਦੀਆਂ ਸਮੱਸਿਆਵਾਂ ਅਤੇ ਖੁਸ਼ਹਾਲੀ ਦੇ ਸੰਦਰਭ ਵਿੱਚ ਹੋਵੇ, ਪੰਜਾਬ ਦੀ ਇਤਿਹਾਸਕ ਅਤੇ ਵਿਰਾਸਤੀ ਧਰੋਹਰ ਦੇ ਬਾਬਤ ਕੋਈ ਖੋਜ ਵਿਸ਼ਾ ਹੋਵੇ ਜੋ ਪੰਜਾਬੀ ਵਿਸ਼ਵ ਸੱਭਿਆਚਾਰਕ ਵਿਕਾਸਸ਼ੀਲਤਾ ਨੂੰ ਦਰਸਾਉਣ ਵਿੱਚ ਯੋਗਦਾਨ ਪਾ ਸਕੇ, ਕੋਈ ਵੀ ਖੋਜਾਰਥੀ, ਵਿਦਵਾਨ, ਕਿਸੇ ਵੀ ਭਾਸ਼ਾ ਵਿੱਚ ਆਪਣਾ ਖੋਜ ਪੱਤਰ ਨਿਮਨਲਿਖਤ ਨਿਯਮਾਂ ਦੀ ਪਾਲਣਾ ਕਰਦੇ ਹੋਏ **31 ਮਾਰਚ 2024** ਤੱਕ **editorinchief@sovs.in ਅਤੇ sovs2019@gmail.com** ਉੱਤੇ ਭੇਜ ਸਕਦੇ ਹਨ। ਇਹ ਪੱਤ੍ਰਿਕਾ ਸਾਡੀ ਵੈੱਬਸਾਈਟ **www.sovs.in** ਉੱਤੇ ਵੀ ਆਨਲਾਈਨ ਉਪਲਬਧ ਕਰਵਾਈ ਜਾਵੇਗੀ।

### ਖੋਜ ਪੱਤਰ ਲਈ ਨਿਯਮ

- ਖੋਜ ਪੱਤਰ ਹਵਾਲਿਆਂ ਸਹਿਤ 5000 ਸ਼ਬਦਾਂ ਤੋਂ ਵੱਧ ਕੇ ਨਹੀਂ ਹੋਣਾ ਚਾਹੀਦਾ। ਕਿਸੇ ਹੋਰ ਪੱਤ੍ਰਿਕਾ ਵਿੱਚ ਪ੍ਰਕਾਸ਼ਿਤ ਮੌਲਿਕ ਖੋਜ ਪੱਤਰ, ਇਸ ਪੱਤ੍ਰਿਕਾ ਵਿੱਚ ਸ਼ਾਮਿਲ ਨਹੀਂ ਕੀਤਾ ਜਾਵੇਗਾ।
- ਹਰੇਕ ਖੋਜ ਪੱਤਰ ਨਾਲ 200 ਸ਼ਬਦਾਂ ਦਾ ਅਮੂਰਤ (ਐਬਸਟ੍ਰੈਕਟ) ਹੋਣਾ ਚਾਹੀਦਾ ਹੈ ਜੋ ਖੋਜ ਪੱਤਰ ਦੀ ਸੰਖੇਪ ਵਿਆਖਿਆ ਦੀ ਪ੍ਰਸਤੁਤੀ ਕਰਦਾ ਹੋਵੇ।
- ਅਮੂਰਤ ਵਜੋਂ ਸੰਖੇਪ ਵਿਆਖਿਆ ਦੇ ਨਾਲ ਨਾਲ ਪੰਜ ਕੁੰਜੀ ਸ਼ਬਦ ਵੀ ਦਰਸਾਏ ਹੋਣੇ ਚਾਹੀਦੇ ਹਨ, ਜੋ ਕਿ ਕਾਰਜ ਦੇ ਮਹੱਤਵ ਨੂੰ ਪੇਸ਼ ਕਰਨ।
- ਪੁਸਤਕ ਰੀਵਿਊ ਲਈ ਚੰਗੀਆਂ ਮਿਆਰੀ ਪੁਸਤਕਾਂ ਦੀ ਚੋਣ ਜ਼ਰੂਰੀ ਹੈ। ਸੰਪਾਦਕੀ ਮੰਡਲ ਅਜਿਹੇ ਪੁਸਤਕ ਰੀਵਿਊ ਲਈ ਪੁਸਤਕਾਂ ਦੀ ਚੋਣ ਤੇ ਵੀ ਰਾਏ ਦੇ ਸਕਦਾ ਹੈ।

### ਮੁੱਖ ਪੰਨਾ

- ਖੋਜ ਪੱਤਰ ਦਾ ਮੁੱਖ ਪੰਨਾ ਸੰਪਾਦਕੀ ਮੰਡਲ ਦੀ ਸਹੂਲਤ ਲਈ ਸਪੱਸ਼ਟ ਹੋਣਾ ਚਾਹੀਦਾ ਹੈ।
- ਖੋਜ ਪੱਤਰ ਦਾ ਵਿਸ਼ਾ (45 ਅੱਖਰਾਂ ਤੋਂ ਵੱਧ ਕੇ ਨਹੀਂ ਹੋਣਾ ਚਾਹੀਦਾ)।
- ਖੋਜ ਕਰਤਾ ਦਾ ਨਾਮ, ਪਤਾ, ਅਹੁਦਾ, ਫੋਨ, ਈ-ਮੇਲ ਦਾ ਵੇਰਵਾ।
- ਜਮ੍ਹਾਂ ਕਰਵਾਉਣ ਦੀ ਮਿਤੀ।
- ਹਵਾਲੇ ਅਤੇ ਖੋਜ ਸਮੱਗਰੀ ਦਾ ਵੇਰਵਾ।

### ਖੋਜ ਪੱਤਰ ਦੀ ਤਿਆਰੀ ਲਈ ਨਿਯਮ

- ਇਹ ਪੱਤ੍ਰਿਕਾ ਬਹੁ ਭਾਸ਼ਾਈ ਹੈ, ਵਿਭਿੰਨ ਭਾਸ਼ਾਵਾਂ ਵਿੱਚ ਖੋਜ ਪੱਤਰ ਭੇਜੇ ਜਾ ਸਕਦੇ ਹਨ ਜੋ ਕਿ ਵਿਆਕਰਣਕ ਤੌਰ 'ਤੇ ਉੱਚਿਤ ਹੋਵੇ ,ਆਵਸ਼ਕ ਹਨ।
- **ਅੰਗਰੇਜ਼ੀ** ਲਈ ਟਾਈਮਜ਼ਨਿਊ ਰੋਮਨ ਫੌਂਟ, ਸਾਈਜ਼ 12,
- **ਪੰਜਾਬੀ** ਲਈ ਅਸੀਸ ਫੌਂਟ, ਸਾਈਜ਼ 12,
- **ਹਿੰਦੀ** ਲਈ ਕਰੁਤੀਦੇਵ 10 ਫੌਂਟ, ਸਾਈਜ਼ 14 ਅਤੇ ਹੋਰ ਭਾਸ਼ਾਵਾਂ ਲਈ ਯੂਨੀਕੋਡ ਪ੍ਰਣਾਲੀ ਦੇ ਤਹਿਤ ਖੋਜ ਪੱਤਰ ਭੇਜੇ ਜਾ ਸਕਦੇ ਹਨ।
- ਇੱਕ ਲਾਈਨ ਦੀ ਸਪੇਸ ਸੱਤਰਾਂ ਅਤੇ ਪੈਰ੍ਹੇ ਦੋਵਾਂ ਲਈ ਜ਼ਰੂਰੀ ਹੈ।
- ਖੋਜ ਨਿਯਮਾਵਲੀ ਦਾ ਪ੍ਰਯੋਗ ਆਵਸ਼ਕ ਹੈ।
- ਖੋਜ ਕਾਰਜ ਸਿੱਟਿਆਂ ਅਤੇ ਹਵਾਲਿਆਂ ਸਹਿਤ ਨਿਰਣਾਇਕ ਹੋਣਾ ਚਾਹੀਦਾ ਹੈ।
- ਪੈਰੀ ਹਵਾਲੇ ਤੇ ਅਖੀਰੀ ਹਵਾਲੇ (ਐਂਡ ਨੋਟਸ ਅਤੇ ਫੁੱਟ ਨੋਟਸ)

  ਖੋਜ ਪੱਤਰ ਦੇ ਅੰਤ ਵਿੱਚ ਹੀ ਹਵਾਲੇ ਅੰਕਿਤ ਹੋਣੇ ਚਾਹੀਦੇ ਹਨ, ਪੈਰੀ ਹਵਾਲੇ ਸਵੀਕਾਰ ਨਹੀਂ ਕੀਤੇ ਜਾਣਗੇ।

**ਕਿਸੇ ਵੀ ਤਰ੍ਹਾਂ ਦੀ ਆਕ੍ਰਿਤੀ, ਕਲਾਕ੍ਰਿਤੀ ਜਾਂ ਗ੍ਰਾਫਿਕ ਪੇਸ਼ਕਾਰੀ ਦਰਜ ਕਰਵਾਉਣ ਸੰਬੰਧੀ ਨਿਯਮ**

- ਹਰੇਕ ਟੇਬਲ ਅਤੇ ਗ੍ਰਾਫ ਦਾ ਉੱਪਰਲੇ ਪਾਸੇ ਵਿਸ਼ੇਸ਼ ਤੌਰ 'ਤੇ ਅੰਕਿਤ ਕੀਤਾ ਜਾਣਾ ਚਾਹੀਦਾ ਹੈ।
- ਅੰਕਿਤ ਕੀਤੇ ਗਏ ਟੇਬਲ ਗ੍ਰਾਫਾਂ ਵਿੱਚ ਦੁਹਰਾਓ ਨਹੀਂ ਹੋਣਾ ਚਾਹੀਦਾ।
- ਫੋਟੋਆਂ ਅਤੇ ਆਕ੍ਰਿਤੀ ਦਾ ਅੰਤ ਵਿੱਚ ਅੰਕਣ ਸਹਿਤ ਵੇਰਵਾ ਪੇਸ਼ ਕੀਤਾ ਹੋਣਾ।

**ਨੋਟ :-**

- **ਖੋਜ ਨਿਯਮਾਂ ਅਨੁਸਾਰ ਪਲੈਜਿਏਰਿਜ਼ਮ (Plagiarism) ਰਿਪੋਰਟ ਖੋਜ ਪੱਤਰ ਨਾਲ ਭੇਜੀ ਜਾਵੇ।**
- **ਲੇਖਕ ਈ-ਮੇਲ ਰਾਹੀਂ ਇਹ ਤਸਦੀਕ ਕਰੇ ਇਹ ਲਿਖਤ ਉਸ ਦੀ ਖੁਦ ਦੀ ਹੈ ਅਤੇ ਲਿਖਤ ਦੀ ਪ੍ਰਮਾਣਿਕਤਾ ਸੰਬੰਧੀ ਖੁਦ ਜ਼ਿੰਮੇਵਾਰ ਹੈ।**

**ਮੁੱਖ ਸੰਪਾਦਕ**

**ਡਾ. ਸੋਨਦੀਪ ਮੋਂਗਾ**

**ਪ੍ਰੋਫੈਸਰ ਅਤੇ ਮੁਖੀ**

**ਸੰਨੀ ਓਬਰਾਏ ਵਿਵੇਕ ਸਦਨ:**

**ਐਡਵਾਂਸ ਇੰਸਟੀਚਿਊਟ ਆਫ਼ ਸੋਸ਼ਲ ਸਾਇੰਸਜ਼**

**ਸ੍ਰੀ ਅਨੰਦਪੁਰ ਸਾਹਿਬ, ਪੰਜਾਬ।**

**ਫੋਨ: 01887-292286, 9815260074**

**ਈਮੇਲ - editorinchief@sovs.in**

**ਈਮੇਲ - sovs2019@gmail.com**

**ਵੈੱਬਸਾਈਟ- www.sovs.in**